ਦੇਗ ਤੇਗ ਫਤਿਹ॥

ਸ਼ਹੀਦਾਂ ਦੇ ਸਿਰਤਾਜ

ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਹਰਿਮੰਦਰ ਸਾਹਿਬ ਦੇ ਸਿਰਜਨਹਾਰ

# ਸ੍ਰੀ ਗੁਰੂ ਅਰਜਨ ਦੇਵ ਜੀ

ਦਾ

# ਸ਼ਹੀਦੀ ਦਿਹਾੜਾ



## ੯ ਜੇਠ, ਨਾਨਕਸ਼ਾਹੀ ਸੰਮਤ ੫੫੫

ਮੁਤਾਬਿਕ

## ਮੰਗਲਵਾਰ, 23 ਮਈ 2023

ਨੂੰ

## ਗੁਰਦੁਆਰਾ ਰਕਾਬ ਗੰਜ ਸਾਹਿਬ

ਵਿਖੇ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਸੰਨ 1606 ਦੀਆਂ ਗਰਮੀਆਂ ਵਿੱਚ ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਸਰਬ ਸਾਂਝੀਵਾਲਤਾ ਦੇ ਪ੍ਰਤੀਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਿਰਜਕ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਦਾ ਕਾਰਨ ਇਹ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੀ ਲਹਿਰ ਤੇਜ਼ੀ ਨਾਲ ਫੈਲਦੀ ਜਾ ਰਹੀ ਸੀ ਅਤੇ ਹਰ ਵਰਗ ਦੇ ਲੋਕ ਗੁਰੂ ਸਾਹਿਬ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਸਿੱਖੀ ਵੱਲ ਖਿਚੇ ਚਲੇ ਆ ਰਹੇ ਸਨ, ਜੋ ਕਿ ਸਮੇਂ ਦੀ ਹਕੂਮਤ ਲਈ ਅਸਹਿ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਨਾਲ ਸਿੱਖ ਹਲੂਣੇ ਗਏ ਅਤੇ ਜਬਰ ਤੇ ਜ਼ੁਲਮ ਵਿਰੁੱਧ ਲਾਮਬੰਧ ਹੋ ਉਸ ਨੂੰ ਵੰਗਾਰਨ ਵੱਲ ਤੁਰ ਪਏ। ਫਲਸਰੂਪ ਜਿਥੇ ਸਮੇਂ ਦੀ ਹਕੂਮਤ ਦੇ ਜ਼ੁਲਮ ਨੂੰ ਚੁਨੌਤੀ ਮਿਲਣ ਲੱਗੀ, ਉਥੇ ਹੀ ਸਿੱਖ ਇਤਿਹਾਸ ਵਿੱਚ ਕੁਰਬਾਨੀਆਂ ਦਾ ਦੌਰ ਸ਼ੁਰੂ ਹੋ ਗਿਆ।

# Martyrdom of Guru Arjan Dev Ji

It was in the scorching summers of 1606 that the epistle of peace, composer of divine verses, propagator and believer in equality for all, editor of Shri Guru Granth Sahib Ji and the architect of Sri Harmandar Sahib was brutally tortured to death in an indescribable and unutterable manner at the behest of Mughal Emperor Jehangir. This brutality was unleashed on this messiah of peace as Sikhism was spreading far and wide, as the Holy Granth gave the message of universal brotherhood and love, was seen as a serious threat and did not go well with the Mughal Empire.

The martyrdom of Guru Arjun Dev Ji shocked the Sikhs and they resolved that they would not take it lying down. The result on one hand was the challenge to authoritarianism and on the other this also started the long tradition of sacrifices and martyrdom in the history of Sikhism.

# ੯ ਜੇਠ (23 ਮਈ), ਨਾਨਕਸ਼ਾਹੀ ਸੰਮਤ ੫੫੫

## ਪ੍ਰੋਗਰਾਮ (ਸਵੇਰੇ)

3.00 ਤੋਂ 5.30 – ਪਾਠ – ਸ੍ਰੀ ਸੁਖਮਨੀ ਸਾਹਿਬ ਅਤੇ ਨਿਤਨੇਮ

5.30 ਤੋਂ 8.00 – ਆਸਾ ਦੀ ਵਾਰ – ਭਾਈ ਸੁਰਜੀਤ ਸਿੰਘ ਜੀ ਰਸੀਲਾ
ਹਜ਼ੂਰੀ ਕੀਰਤਨੀਏ, ਗ. ਸੀਸ ਗੰਜ ਸਾਹਿਬ

8.00 ਤੋਂ 9.00 – ਸ਼ਬਦ ਦੀ ਵਿਚਾਰ – ਭਾਈ ਹਰਦੇਵ ਸਿੰਘ ਜੀ ਹੈਡ ਗ੍ਰੰਥੀ

9.00 ਤੋਂ 10.00 – ਕੀਰਤਨ – ਭਾਈ ਗੁਰਫਤਿਹ ਸਿੰਘ ਜੀ ਸ਼ਾਂਤ
ਹਜ਼ੂਰੀ ਕੀਰਤਨੀਏ, ਗ. ਸੀਸ ਗੰਜ ਸਾਹਿਬ

10.00 ਤੋਂ 11.00 – ਕੀਰਤਨ – ਭਾਈ ਹਰਜੋਤ ਸਿੰਘ ਜੀ ਜ਼ਖ਼ਮੀ ਜਲੰਧਰ ਵਾਲੇ

11.00 ਤੋਂ 12.00 – ਕੀਰਤਨ – ਭਾਈ ਅਮਰਜੀਤ ਸਿੰਘ ਜੀ ਪਟਿਆਲਾ ਵਾਲੇ

12.00 ਤੋਂ 12.30 – ਪੰਥਕ ਵਿਚਾਰਾਂ

12.30 ਤੋਂ 12.45 – ਨਾਮ ਸਿਮਰਨ – ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲੇ

12.45 ਤੋਂ 2.00 – ਕੀਰਤਨ – ਭਾਈ ਮਨਪ੍ਰੀਤ ਸਿੰਘ ਜੀ ਕਾਨਪੁਰੀ

2.00 ਤੋਂ 3.00 – ਕੀਰਤਨ – ਭਾਈ ਗੁਰਕੀਰਤ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਦਰਬਾਰ ਸਾਹਿਬ

3.00 ਤੋਂ 4.00 – ਕਵੀ ਦਰਬਾਰ – ਸ. ਗੁਰਚਰਨ ਸਿੰਘ ਚਰਨ
ਸ. ਕਮਲਜੀਤ ਸਿੰਘ ਨੂਰ, ਸ. ਮੱਖਣ ਸਿੰਘ ਧਾਰੀਵਾਲ
ਸ. ਸੁਲੱਖਣ ਸਿੰਘ ਨਿਰਾਲਾ, ਬੀਬੀ ਸਿਮਰਪ੍ਰੀਤ ਕੌਰ
ਬੀਬੀ ਸਰਬਜੀਤ ਕੌਰ ਸਰਬ

4.00 ਤੋਂ 5.00 – ਢਾਡੀ ਪ੍ਰਸੰਗ – ਭਾਈ ਅਮਰਿੰਦਰ ਸਿੰਘ ਜੀ ਤਾਲਬ
ਹਜ਼ੂਰੀ ਢਾਡੀ, ਗ. ਸੀਸ ਗੰਜ ਸਾਹਿਬ

ਉਪਰੰਤ ਅਰਦਾਸ ਅਤੇ ਸਮਾਪਤੀ

## ਅੰਮ੍ਰਿਤ ਸੰਚਾਰ

ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਮੰਗਲਵਾਰ, 23 ਮਈ 2023 ਨੂੰ ਸਵੇਰੇ 11.00 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਖੀ ਸੱਜਣ ਕੇਸੀ ਇਸ਼ਨਾਨ ਕਰਕੇ ਕਕਾਰਾਂ ਸਹਿਤ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਗੁਰਦੁਆਰਾ ਸਾਹਿਬ ਵਿਖੇ ਪੁੱਜ ਜਾਣ, ਹਰੇਕ ਐਤਵਾਰ ਗੁਰਦੁਆਰਾ ਬੰਗਲਾ ਸਾਹਿਬ ਅਤੇ ਬੁੱਧਵਾਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਸਵੇਰੇ 11.00 ਵਜੇ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ ਲੋੜ ਅਨੁਸਾਰ ਕਕਾਰਾਂ ਦੀ ਸੇਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਵੇਗੀ।

## ਛਬੀਲ

ਸਭਾ ਸੁਸਾਇਟੀਆਂ ਇਸ ਮਹਾਨ ਸ਼ਹੀਦੀ ਦਿਵਸ ’ਤੇ ਸੰਗਤਾਂ ਲਈ ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ ਤੇ ਗੁਰਦੁਆਰਾ ਨਾਨਕ ਪਿਆਉ ਸਾਹਿਬ ਦੇ ਨੇੜੇ ਠੰਡੇ-ਮਿੱਠੇ ਜਲ ਦੀਆਂ ਛਬੀਲਾਂ ਲਾਉਣ ਦੀ ਖੇਚਲ ਕਰਨ।

## ਗੁਰੂ ਕਾ ਲੰਗਰ

ਗੁਰੂ ਰੂਪ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਸੀਂ ਆਪਣੀਆਂ ਪੁਰਾਤਨ ਪ੍ਰੰਪਰਾਵਾਂ ਨੂੰ ਵਿਸਾਰਦੇ ਹੋਏ ਗੁਰੂ ਕੇ ਲੰਗਰ ਦੀਆਂ ਹੱਥੀਂ ਸੇਵਾਵਾਂ ਕਰਨ ਜਿਵੇਂ ਕਿ ਲੰਗਰ ਲਈ ਦਾਲਾਂ ਤਿਆਰ ਕਰਨ, ਪ੍ਰਸ਼ਾਦੇ ਤਿਆਰ ਕਰਨ, ਜੂਠੇ ਬਰਤਨ ਸਾਫ ਕਰਨ ਆਦਿ ਦੀ ਸੇਵਾ ਅਤੇ ਜੋੜੇ ਝਾੜਨ ਦੀ ਸੇਵਾ ਕਰਨ ਵਿੱਚ ਸਮਾਂ ਨਹੀਂ ਦੇ ਪਾ ਰਹੇ। ਜਿਸ ਕਰਕੇ ਜਿਥੇ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਭੁਲਦੇ ਜਾ ਰਹੇ ਹਾਂ ਉਥੇ ਹੀ ਆਪਣੇ ਬੱਚਿਆਂ ਨੂੰ ਵੀ ਸੇਵਾ ਦੇ ਸੰਕਲਪ ਤੋਂ ਵਾਂਝਿਆਂ ਰੱਖ ਰਹੇ ਹਾਂ। ਇਸ ਲਈ ਆਪਣੇ ਜੀਵਨ ਨੂੰ ਸਫਲਾ ਬਣਾਉਣ ਲਈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਲਈ ਚਲਾਈ ਗਈ ਇਸ ਵਿਲੱਖਣ ਸੇਵਾ ਵਿੱਚ ਆਪਣੇ ਹੱਥੀਂ ਅਤੇ ਤਨ-ਮਨ-ਧਨ ਨਾਲ ਹਿੱਸਾ ਪਾ ਕੇ ਜੀਵਨ ਸਫਲ ਕਰੀਏ।

## ਅਪੀਲ

ਫੈਸ਼ਨਪ੍ਰਸਤੀ ਦੇ ਵੱਧਦੇ ਪ੍ਰਭਾਵ ਕਾਰਨ ਅੱਜਕੱਲ ਸਿੱਖ ਨੌਜਵਾਨਾਂ ਵਿੱਚ ਸਿਰਾਂ ’ਤੇ ਟੋਪੀਆਂ ਪਾਉਣ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਸਿੱਖ ਰਹਿਤ ਮਰਿਆਦਾ ਦੇ ਬਿਲਕੁਲ ਉਲਟ ਹੈ। ਗੁਰਮਤਿ ਅਨੁਸਾਰ ਹਰ ਸਿੱਖ ਨੌਜਵਾਨ ਨੂੰ ਸਿਰ ’ਤੇ ਸੋਹਣੀ ਦਸਤਾਰ ਸਜਾਉਣੀ ਚਾਹੀਦੀ ਹੈ, ਜੋ ਸਿੱਖੀ ਗੌਰਵ ਦੀ ਸ਼ਾਨ ਹੈ।

## ਸੀਸ ਗੰਜ ਮਾਸਿਕ ਮੈਗਜ਼ੀਨ

ਆਪਣੇ ਬੱਚਿਆਂ ਨੂੰ ਗੁਰੂ, ਗੁਰਮਤਿ ਤੇ ਗੁਰ-ਇਤਿਹਾਸ ਨਾਲ ਜੋੜਨ ਲਈ ‘ਸੀਸ ਗੰਜ’ ਮੈਗਜ਼ੀਨ ਨੂੰ ਆਪਣੇ ਡਰਾਇੰਗ ਰੂਮ ਦਾ ਸ਼ਿੰਗਾਰ ਬਣਾਉ। 50/- ਰੁਪਏ ਸਲਾਨਾ ਚੰਦਾ ਭੇਜ ਕੇ ਅੱਜ ਹੀ ਮੰਗਵਾਓ।

## ਸਿੱਧਾ ਪ੍ਰਸਾਰਣ

ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ‘Chardikla Time TV’ ਚੈਨਲ ਤੇ ਸਵੇਰੇ 10.00 ਵਜੇ ਤੋਂ ਦੁਪਹਿਰ 3.30 ਵਜੇ ਤੱਕ, ਵੈਬਸਾਈਟ www.dsgmc.in, GSPS Live, Kirtan Pardhna, Akaal Sahai TV, Gurdwara Rakab Ganj Sahib, Facebook Page ਅਤੇ Youtube ‘ਤੇ ਹੋਵੇਗਾ।

# ਬਾਲਾ ਪ੍ਰੀਤਮ ਐਜੂਕੇਸ਼ਨ ਫੰਡ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿੱਚ ਪੜ੍ਹਦੇ ਲੋੜਵੰਦ ਸਿੱਖ ਬੱਚਿਆਂ ਲਈ 'ਬਾਲਾ ਪ੍ਰੀਤਮ ਐਜੂਕੇਸ਼ਨ ਫੰਡ' ਦੀ ਸਥਾਪਨਾ ਕੀਤੀ ਗਈ ਹੈ। ਇਹ ਫੰਡ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਸਿੱਖ ਬੱਚਿਆਂ ਦੀ ਪੜ੍ਹਾਈ 'ਤੇ ਖਰਚ ਕੀਤਾ ਜਾ ਰਿਹਾ ਹੈ ਤਾਂ ਜੋ ਸਿੱਖ ਪਨੀਰੀ ਆਪਣੇ ਪੈਰਾਂ 'ਤੇ ਖੜ੍ਹੀ ਹੋ ਕੇ ਨਵੇਂ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਸਕੇ। ਇਸ ਸਕੀਮ ਦਾ ਲਾਭ ਕੇਵਲ ਉਨ੍ਹਾਂ ਲੋੜਵੰਦ ਬੱਚਿਆਂ ਨੂੰ ਹੀ ਮਿਲੇਗਾ, ਜਿਹੜੇ ਸਰਕਾਰੀ ਘੱਟ ਗਿਣਤੀ ਸਕੀਮਾਂ ਅਤੇ ਦਿੱਲੀ ਕਮੇਟੀ ਦੀਆਂ ਦੂਜੀਆਂ ਸਕੀਮਾਂ ਦਾ ਲਾਭ ਪ੍ਰਾਪਤ ਨਹੀਂ ਕਰ ਰਹੇ।

ਜਿੱਥੇ ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾ ਰਹੇ ਹੋ ਤੇ ਉਨ੍ਹਾਂ ਦੀ ਕਾਮਯਾਬੀ ਲਈ ਅਰਦਾਸ ਵੀ ਕਰਦੇ ਹੋ। ਉੱਥੇ ਆਪ ਜੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਰੰਭੀ ਇਸ ਵਿਸ਼ੇਸ਼ ਮੁਹਿੰਮ ਵਿੱਚ ਲੋੜਵੰਦ ਬੱਚਿਆਂ ਦੀ ਸਾਲਾਨਾ ਫੀਸ ਦੇ ਕੇ ਇਨ੍ਹਾਂ ਨੂੰ ਮਿਆਰੀ ਸਿੱਖਿਆ ਦੇਣ ਵਿੱਚ ਆਪਣਾ ਯੋਗਦਾਨ ਪਾ ਕੇ, ਉਨ੍ਹਾਂ ਨੂੰ ਇੱਕ ਸਫਲ ਮਨੁੱਖ ਬਣਨ ਦਾ ਮੌਕਾ ਪ੍ਰਦਾਨ ਕਰ ਸਕਦੇ ਹੋ। ਆਪ ਜੀ ਵੱਲੋਂ ਦਿੱਤੀ ਗਈ ਸਹਾਇਤਾ ਦਾ ਲਾਭ ਜਿਸ ਬੱਚੇ ਨੂੰ ਪ੍ਰਾਪਤ ਹੋ ਰਿਹਾ ਹੈ, ਉਸ ਦੀ ਸਮੁੱਚੀ ਜਾਣਕਾਰੀ ਸਾਡੀ ਵੈਬਸਾਈਟ www.dsgmc.in ਅਤੇ www.ghpssociety.com 'ਤੇ ਆਪ ਜੀ ਨੂੰ ਦਿੱਤੇ ਯੂਨੀਕ ਆਈ.ਡੀ. ਰਾਹੀਂ ਦਿੱਤੀ ਜਾਵੇਗੀ।

ਸੰਗਤਾਂ ਨੂੰ ਬੇਨਤੀ ਹੈ ਕਿ ਉਹ ਇਸ ਫੰਡ ਲਈ ਆਪਣਾ ਦਸਵੰਧ ਦਿੱਲੀ ਕਮੇਟੀ ਦੁਆਰਾ ਸਥਾਪਿਤ ਕੀਤੇ ਗਏ AXIS Bank Account No. 916010049310190 IFS Code : UTIB0000478 'ਚ ਜਮ੍ਹਾਂ ਕਰਵਾ ਕੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ। ਵਧੇਰੇ ਜਾਣਕਾਰੀ ਲਈ ਫੋਨ ਨੰਬਰ 9319589278, 9319589279 'ਤੇ ਸੰਪਰਕ ਕਰੋ।

ਗੁਰੂ ਪੰਥ ਦੇ ਦਾਸ

**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ**
ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ**
ਸਕੱਤਰ

## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001
ਫੋਨ : 23712580-81-82, 23737328-29 ਫੈਕਸ : 23317511
Website : www.dsgmc.in Email : info@dsgmc.in

ਡਿਜ਼ਾਇਨਿੰਗ : ਕੰਪਿਊਟਰ ਵਿਭਾਗ (ਦਿੱ. ਸਿੱ. ਗੁ. ਪ੍ਰ. ਕਮੇਟੀ)
ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1